# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 01725212329 ਈ-ਮੇਲ : ssatextbook@punjabeducation.gov.in**

ਵੱਲ :

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਪੰਜਾਬ ।

ਮੀਮੋ ਨੰ: ਸਸਅ/ਐਫ਼ਟੀਬੀ/2019-20/87153
ਮਿਤੀ, ਸਅਸ ਨਗਰ: 11/3/2020

**ਵਿਸ਼ਾ: ਸਾਲ 2020-21ਦੌਰਾਨ ਕਿਤਾਬਾਂ ਦੀ ਸਪਲਾਈ ਤੇ ਰੱਖ-ਰਖਾਓ ਦੇ ਇੰਤਜ਼ਾਮ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਅਗਲੇ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਹੋਣ ਵਾਲੀ ਹੈ ਅਤੇ ਵਿਭਾਗ ਵੱਲੋਂ ਰਾਜ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਬਾਹਰਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਉਹ ਕਿਤਾਬਾਂ ਜਿਹਨਾਂ ਦੀ ਛਪਾਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈ ਜਾਂਦੀ ਹੈ, ਮੁਫ਼ਤ ਮੁਹੱਈਆ ਕਰਵਾਈਆਂ ਜਾਣੀਆਂ ਹਨ।

3.0 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਪ੍ਰੈੱਸਾਂ ਤੋਂ ਖ਼ੇਤਰੀ ਦਫ਼ਤਰਾਂ ਲਈ ਕਿਤਾਬਾਂ ਦੀ ਸਪਲਾਈ ਸ਼ੁਰੂ ਹੋ ਚੁੱਕੀ ਹੈ ਅਤੇ 16 ਮਾਰਚ ਤੋਂ ਬਲਾਕਾਂ ਨੂੰ ਸਪਲਾਈ ਸ਼ੁਰੂ ਕਰ ਦਿੱਤੀ ਜਾਵੇਗੀ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਸਸਬ ਦੇ ਖ਼ੇਤਰੀ ਦਫ਼ਤਰਾਂ ਤੋਂ ਕਿਤਾਬਾਂ ਦੀ ਸਪਲਾਈ ਸ਼ੁਰੂ ਹੋਣ ਤੋਂ ਪਹਿਲਾਂ-2 ਬਲਾਕ ਦਫ਼ਤਰਾਂ ਜਾਂ ਜਿੱਥੇ ਕਿਤੇ ਵੀ ਕਿਤਾਬਾਂ ਰੱਖੀਆਂ/ ਉਤਰਵਾਈਆਂ ਜਾਣੀਆਂ ਹਨ, ਕਮਰਿਆਂ ਨੂੰ ਚੰਗੀ ਤਰਾਂ ਸਾਫ਼ ਕਰਵਾ ਲਿਆ ਜਾਵੇ। ਕਮਰਿਆਂ ਦੀ ਚੋਣ ਕਰਦੇ ਸਮੇਂ ਇਹ ਖ਼ਿਆਲ ਰੱਖਿਆ ਜਾਵੇ ਕਿ ਕਮਰੇ ਸਾਫ਼-ਸੁਥਰੇ, ਸਲ੍ਹਾਬੇ ਤੋਂ ਮੁਕਤ ਹੋਣ ਅਤੇ ਰਸਤਾ ਖੁੱਲ੍ਹਾ ਹੋਵੇ ਤਾਂ ਜੋ ਢੋ-ਢੁਆਈ ਸਮੇਂ ਕੋਈ ਦਿੱਕਤ ਪੇਸ਼ ਨਾ ਆਵੇ।

4.0 ਇਸ ਤੋਂ ਇਲਾਵਾ ਜਿਵੇਂ ਕਿ ਸਕੂਲ ਪੱਧਰ 'ਤੇ ਵਿਦਿਆਰਥੀਆਂ ਨੂੰ ਪ੍ਰਾਪਤ, ਬਕਾਇਆ ਤੇ ਸਟਾਕ ਵਿੱਚ ਮੌਜੂਦ ਕਿਤਾਬਾਂ ਦੀ ਗਿਣਤੀ ਈ-ਪੰਜਾਬਸਕੂਲ ਪੋਰਟਲ 'ਤੇ ਅੱਪਲੋਡ ਕੀਤੀ ਜਾਂਦੀ ਹੈ, ਇਸ ਵਾਰ ਬਲਾਕ ਪੱਧਰ 'ਤੇ ਵੀ ਕਿਤਾਬਾਂ ਦੀ ਪ੍ਰਾਪਤੀ/ਸਪਲਾਈ/ਸਟੱਕ ਸਬੰਧੀ ਸੂਚਨਾ ਬਲਾਕ ਦਫ਼ਤਰਾਂ ਵੱਲੋਂ ਨਾਲੋ-ਨਾਲ ਅੱਪਲੋਡ ਕੀਤੀ ਜਾਵੇਗੀ। ਮੁੱਖ ਦਫ਼ਤਰ ਵੱਲੋਂ ਇਸ ਦਾ ਰੋਜ਼ਾਨਾ ਵਿਸ਼ਲੇਸ਼ਣ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀਆ ਨੂੰ ਸਕੂਲ ਪੱਧਰ 'ਤੇ ਕਿਤਾਬਾਂ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਜਾ ਸਕੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਉਤਾਰਾ ਸਕੱਤਰ ਸਕੂਲ ਸਿੱਖਿਆ-ਕਮ-ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਜੀ ਦੀ ਜਾਣਕਾਰੀ ਵਾਸਤੇ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ ਤੇ ਐਸਿ) ਨੂੰ ਅਗਲੇਰੀ ਯੋਗ ਕਾਰਵਾਈ ਲਈ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਬਲਾਕ ਦਫ਼ਤਰਾਂ ਨੂੰ ਉਕਤ ਦੀ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕਰਨ।